ਪੰਜਾਬ ਵਿਧਾਨ ਸਭਾ

2025 ਦਾ ਬਿਲ ਨੰ.14 ਪੀ.ਐਲ.ਏ

ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ (ਸੋਧ) ਬਿਲ, 2025

ਇੱਕ

ਬਿਲ

ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਐਕਟ, 1958 ਵਿੱਚ ਹੋਰ ਸੋਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਛਿਅੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ (ਸੋਧ) ਐਕਟ, 2025 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

1958 ਦੇ ਪੰਜਾਬ ਐਕਟ 15 ਦੀ ਧਾਰਾ 1 ਵਿੱਚ ਸੋਧ।

2. ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਐਕਟ, 1958 (ਇਸ ਵਿੱਚ ਇਸ ਤੋਂ ਪਿੱਛੋਂ ਹਵਾਲਾ ਦਿੱਤੇ ਜਾਣ ਵਾਲੇ ਮੁੱਖ ਐਕਟ ਵਜੋਂ), ਧਾਰਾ 1 ਵਿੱਚ, ਉਪ-ਧਾਰਾ (4) ਲਈ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(4) ਇਸ ਐਕਟ ਦੇ ਉਪਬੰਧ ਉਨ੍ਹਾਂ ਦੁਕਾਨਾਂ ਅਤੇ ਅਦਾਰਿਆਂ 'ਤੇ ਲਾਗੂ ਹੋਣਗੇ ਜੋ ਵੀਹ

ਜਾਂ ਵੱਧ ਕਾਮੇ ਰੱਖਦੇ ਹਨ, ਜਦੋਂ ਕਿ ਸਿਰਫ਼ ਵੀਹ ਤੋਂ ਘੱਟ ਕਾਮੇ ਰੱਖਣ ਵਾਲੀਆਂ ਦੁਕਾਨਾਂ ਅਤੇ ਅਦਾਰਿਆਂ 'ਤੇ ਧਾਰਾ 13-ੳ ਲਾਗੂ ਹੋਵੇਗੀ:

ਪ੍ਰੰਤੂ ਜਦੋਂ ਵੀ ਵੀਹ ਤੋਂ ਘੱਟ ਕਾਮਿਆਂ ਵਾਲੀ ਕਿਸੇ ਦੁਕਾਨ ਜਾਂ ਅਦਾਰੇ ਵਿੱਚ ਕਾਮਿਆਂ ਦੀ ਗਿਣਤੀ ਵੀਹ ਜਾਂ ਵੱਧ ਹੋ ਜਾਵੇ, ਤਾਂ ਇਸ ਐਕਟ ਦੇ ਉਪਬੰਧ ਲਾਗੂ ਹੋਣਗੇ।"

1958 ਦੇ ਪੰਜਾਬ ਐਕਟ 15 ਦੀ ਧਾਰਾ 6 ਵਿੱਚ ਸੋਧ।

3. ਮੁੱਖ ਐਕਟ ਵਿੱਚ, ਧਾਰਾ 6 ਵਿੱਚ, ਉਪ-ਧਾਰਾ (4) ਲਈ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(4) ਇਸ ਧਾਰਾ ਦੇ ਉਪਬੰਧਾਂ ਦੀ ਕਿਸੇ ਵੀ ਖਿਲਾਫਵਰਜ਼ੀ, ਜਾਂ ਪਾਲਣਾ ਕਰਨ ਵਿੱਚ ਅਸਫਲਤਾ ਦੇ ਮਾਮਲੇ ਵਿੱਚ, ਨਿਯੋਜਕ ਦੋਸ਼ ਸਿੱਧੀ ਹੋਣ 'ਤੇ, ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਅਨੁਸਾਰ ਸ਼ਕਤਵਾਨ ਅਥਾਰਟੀ ਦੁਆਰਾ ਅਰੋਪਿਆ ਜਾਣ ਵਾਲਾ ਜੁਰਮਾਨਾ ਅਦਾ ਕਰਨ ਲਈ ਭਾਗੀ ਹੋਵੇਗਾ, ਜੋ ਕਿ ਪਹਿਲੇ ਅਪਰਾਧ ਲਈ ਇੱਕ ਹਜ਼ਾਰ ਰੁਪਏ ਤੋਂ ਘੱਟ ਅਤੇ ਪੱਚੀ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗਾ ਅਤੇ ਦੂਜੇ ਅਪਰਾਧ ਲਈ ਪੰਜ ਹਜ਼ਾਰ ਰੁਪਏ ਤੋਂ ਘੱਟ ਅਤੇ ਪੰਜਾਹ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗਾ ਅਤੇ ਜੇ ਕੋਈ ਉਤਰਵਰਤੀ ਅਪਰਾਧ ਜਾਰੀ ਰਹਿੰਦਾ ਹੈ ਤਾਂ ਹਰੇਕ ਦਿਨ ਲਈ ਇੱਕ ਹਜ਼ਾਰ ਰੁਪਏ ਦੀ ਦਰ ਨਾਲ ਜੁਰਮਾਨਾ ਅਰੋਪ ਸਕਦਾ ਹੈ।

ਵਿਆਖਿਆ.- ਦੂਜਾ ਅਤੇ ਉਤਰਵਰਤੀ ਅਪਰਾਧ ਦਾ ਮਤਲਬ ਹੈ ਉਸ ਤਰੀਕ, ਜਿਸ ਦਿਨ ਪਹਿਲਾਂ ਉਸੇ ਵਰਗਾ ਅਪਰਾਧ ਕੀਤਾ ਗਿਆ ਸੀ, ਤੋਂ ਤਿੰਨ ਮਹੀਨਿਆਂ ਦੀ ਮੁੱਦਤ ਤੋਂ ਬਾਅਦ ਕੀਤਾ ਗਿਆ ਅਪਰਾਧ ਅਤੇ ਪਹਿਲਾਂ ਕੀਤੇ ਗਏ ਅਪਰਾਧ ਤੋਂ ਇੱਕ ਸਾਲ ਤੋਂ ਵੱਧ ਮੁਇਆਦ ਬਾਅਦ ਕੀਤੇ ਗਏ ਅਪਰਾਧ ਨੂੰ ਪਹਿਲਾ ਅਪਰਾਧ ਵਿਚਾਰਿਆ ਜਾਵੇਗਾ।"

1958 ਦੇ ਪੰਜਾਬ ਐਕਟ 15 ਦੀ ਧਾਰਾ 7 ਵਿੱਚ ਸੋਧ।

4. ਮੁੱਖ ਐਕਟ ਵਿੱਚ, ਧਾਰਾ 7 ਵਿੱਚ,-

(i) ਉਪ-ਧਾਰਾ (1) ਵਿੱਚ, ਸ਼ਬਦ "ਨੌਂ ਘੰਟੇ" ਦੀ ਥਾਂ ਸ਼ਬਦ "ਦਸ ਘੰਟੇ" ਰੱਖੇ ਜਾਣਗੇ; ਅਤੇ

(ii) ਉਪ-ਧਾਰਾ (2) ਵਿਚ, ਪਰੰਤੁਕ ਵਿੱਚ, ਖੰਡ (ੳ) ਵਿੱਚ, ਸ਼ਬਦ "ਪੰਜਾਹ" ਲਈ, ਸ਼ਬਦ "ਇੱਕ ਸੌ ਚੁਤਾਲੀ" ਰੱਖੇ ਜਾਣਗੇ।

1958 ਦੇ ਪੰਜਾਬ ਐਕਟ 15 ਦੀ ਧਾਰਾ 8 ਵਿੱਚ ਸੋਧ।

5. ਮੁੱਖ ਐਕਟ ਵਿੱਚ, ਧਾਰਾ 8 ਵਿੱਚ, ਉਪ-ਧਾਰਾ (2) ਵਿੱਚ, ਸ਼ਬਦ "ਦਸ ਘੰਟੇ" ਦੀ ਥਾਂ ਸ਼ਬਦ "ਬਾਰ੍ਹਾਂ ਘੰਟੇ" ਰੱਖੇ ਜਾਣਗੇ।

1958 ਦੇ ਪੰਜਾਬ ਐਕਟ 15 ਦੀ ਧਾਰਾ 13 ਦਾ ਪ੍ਰਤਿਸਥਾਪਨ।

6. ਮੁੱਖ ਐਕਟ ਵਿੱਚ, ਧਾਰਾ 13 ਲਈ, ਹੇਠ-ਲਿਖੀ ਧਾਰਾ ਰੱਖੀ ਜਾਵੇਗੀ, ਅਰਥਾਤ:-

ਅਦਾਰਿਆਂ ਦਾ ਰਜਿਸਟ੍ਰੀਕਰਨ।

"13. (1) ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ (ਸੋਧ) ਐਕਟ, 2025 ਦੇ ਅਰੰਭ ਹੋਣ ਦੀ ਤਰੀਕ ਨੂੰ ਅਤੇ ਤੋਂ, ਹਰੇਕ ਅਦਾਰੇ ਦਾ ਨਿਯੋਜਕ ਜੋ ਵੀਹ ਜਾਂ ਵੱਧ ਕਾਮਿਆਂ ਨੂੰ ਰੱਖਦਾ ਹੈ, ਆਪਣੇ ਕਾਰੋਬਾਰ ਦੇ ਅਰੰਭ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁੱਦਤ ਦੇ ਅੰਦਰ, ਰਜਿਸਟ੍ਰੀਕਰਨ ਲਈ ਅਰਜ਼ੀ ਦੇਵੇਗਾ ਅਤੇ ਰਜਿਸਟ੍ਰੀਕਰਨ ਸਰਟੀਫਿਕੇਟ ਪ੍ਰਾਪਤ ਕਰੇਗਾ।

(2) ਉਪ-ਧਾਰਾ (1) ਅਧੀਨ ਰਜਿਸਟ੍ਰੀਕਰਨ ਲਈ ਹਰੇਕ ਦਰਖ਼ਾਸਤ ਅਜਿਹੇ ਰੂਪ ਵਿੱਚ ਅਤੇ ਅਜਿਹੇ ਤਰੀਕੇ ਨਾਲ ਅਜਿਹੀ ਫ਼ੀਸ ਦੇ ਨਾਲ ਦਿੱਤੀ ਜਾਵੇਗੀ ਜਿਵੇਂ ਮੁਕੱਰਰ ਕੀਤਾ ਜਾਵੇ।

(3) ਇੰਸਪੈਕਟਰ, ਉਪ-ਧਾਰਾ 2 ਅਧੀਨ ਦਰਖ਼ਾਸਤ ਪ੍ਰਾਪਤ ਹੋਣ 'ਤੇ, ਅਦਾਰੇ ਨੂੰ ਰਜਿਸਟਰਸ਼ੁਦਾ ਕਰੇਗਾ ਅਤੇ ਨਿਯੋਜਕ ਨੂੰ, ਇੱਕ ਮੁਿਆਦ ਲਈ ਜਿਵੇਂ ਮੁਕੱਰਰ ਹੋਵੇ, ਚੌਵੀ ਘੰਟਿਆਂ ਦੇ ਅੰਦਰ, ਅਜਿਹੇ ਰੂਪ ਵਿੱਚ, ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਰਜਿਸਟ੍ਰੀਕਰਨ ਸਰਟੀਫਿਕੇਟ ਜਾਰੀ ਕਰੇਗਾ। ਜੇ ਦਰਖ਼ਾਸਤ ਪ੍ਰਾਪਤ ਹੋਣ ਦੀ ਤਰੀਕ ਤੋਂ ਚੌਵੀ ਘੰਟਿਆਂ ਦੀ ਮੁੱਦਤ ਦੇ ਅੰਦਰ ਇੰਸਪੈਕਟਰ ਦੁਆਰਾ ਰਜਿਸਟ੍ਰੀਕਰਨ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਂਦਾ, ਤਾਂ ਇਸ ਐਕਟ ਅਧੀਨ ਰਜਿਸਟ੍ਰੀਕਰਨ ਸਰਟੀਫਿਕੇਟ ਦਿੱਤਾ ਗਿਆ ਸਮਝਿਆ ਜਾਵੇਗਾ।

(4) ਇੰਸਪੈਕਟਰ, ਅਦਾਰਿਆਂ ਦਾ ਇੱਕ ਰਜਿਸਟਰ, ਅਜਿਹੇ ਰੂਪ ਵਿੱਚ ਰੱਖੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(5) ਰਜਿਸਟ੍ਰੀਕਰਨ ਸਰਟੀਫਿਕੇਟ ਨਿਯੋਜਕ ਦੁਆਰਾ ਅਦਾਰੇ ਵਿੱਚ ਉੱਘੇ ਤੌਰ ਤੇ ਪ੍ਰਦਰਸ਼ਿਤ ਕੀਤਾ ਜਾਵੇਗਾ।

(6) ਨਿਯੋਜਕ, ਉਪ-ਧਾਰਾ (2) ਅਧੀਨ ਜਮ੍ਹਾ ਕੀਤੇ ਗਏ ਦਰਖ਼ਾਸਤ ਫ਼ਾਰਮ ਵਿੱਚ ਦਿੱਤੇ ਗਏ ਕਿਸੇ ਵੀ ਵੇਰਵਿਆਂ ਵਿੱਚ ਕਿਸੇ ਵੀ ਦਬਦੀਲੀ ਦੀ ਸੂਚਨਾ ਅਜਿਹੀ ਤਬਦੀਲੀ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਅਜਿਹੀ ਫ਼ੀਸ ਦੇ ਨਾਲ ਜਿਵੇਂ ਮੁਕੱਰਰ ਕੀਤੀ ਜਾਵੇ, ਇੰਸਪੈਕਟਰ ਨੂੰ ਦੇਵੇਗਾ। ਇੰਸਪੈਕਟਰ, ਅਜਿਹੀ ਸੂਚਨਾ ਪ੍ਰਾਪਤ ਹੋਣ ’ਤੇ ਰਜਿਸਟ੍ਰੀਕਰਨ ਸਰਟੀਫਿਕੇਟ ਵਿੱਚ ਸੋਧ ਕਰੇਗਾ ਜਾਂ ਇੱਕ ਨਵਾਂ ਰਜਿਸਟ੍ਰੀਕਰਨ ਸਰਟੀਫਿਕੇਟ ਜਾਰੀ ਕਰੇਗਾ।

(7) ਨਿਯੋਜਕ, ਅਦਾਰੇ ਦੇ ਬੰਦ ਹੋਣ ਦੇ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ, ਇੰਸਪੈਕਟਰ ਨੂੰ ਅਜਿਹੇ ਬੰਦ ਹੋਣ ਦੀ ਇਤਲਾਹ ਦੇਵੇਗਾ ਅਤੇ ਅਜਿਹੀ ਇਤਲਾਹ ਮਿਲਣ ’ਤੇ, ਇੰਸਪੈਕਟਰ ਰਜਿਸਟ੍ਰੀਕਰਨ ਸਰਟੀਫਿਕੇਟ ਰੱਦ ਕਰ ਦੇਵੇਗਾ।”

1958 ਦੇ ਪੰਜਾਬ ਐਕਟ 15 ਵਿੱਚ ਧਾਰਾ 13-ਓ ਸ਼ਾਮਲ ਕਰਨਾ।

7. ਮੁੱਖ ਐਕਟ ਵਿੱਚ, ਧਾਰਾ 13 ਤੋਂ ਬਾਅਦ, ਹੇਠ-ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

ਕਾਰੋਬਾਰ ਦੀ ਇਤਲਾਹ।

“13-ਓ. ਵੀਹ ਤੋਂ ਘੱਟ ਰੁਜ਼ਗਾਰ ਦੇਣ ਵਾਲੇ ਹਰੇਕ ਅਦਾਰੇ ਦਾ ਨਿਯੋਜਕ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ (ਸੋਧ) ਐਕਟ, 2025 ਦੇ ਅਰੰਭ ਹੋਣ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁੱਦਤ ਦੇ ਅੰਦਰ, ਜਾਂ ਆਪਣੇ ਕਾਰੇਬਾਰ ਦੇ ਅਰੰਭ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁੱਦਤ ਦੇ ਅੰਦਰ, ਇੰਸਪੈਕਟਰ ਨੂੰ ਆਪਣੇ ਕਾਰੋਬਾਰ ਦੀ ਇਤਲਾਹ ਅਜਿਹੇ ਰੂਪ ਦੇਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ। ਇੰਸਪੈਕਟਰ, ਨਿਯੋਜਕ ਦੁਆਰਾ ਦਿੱਤੇ ਗਏ ਵੇਰਵਿਆਂ ਨੂੰ ਅਜਿਹੇ ਰਜਿਸਟਰ ਵਿੱਚ ਦਰਜ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ:

ਪ੍ਰੰਤੂ ਜੇ ਕਿਸੇ ਵੀ ਸਮੇਂ, ਅਦਾਰੇ ਵਿੱਚ ਲੱਗੇ ਕਰਮਚਾਰੀਆਂ ਦੀ ਗਿਣਤੀ ਵੀਹ ਜਾਂ ਵੱਧ ਹੋ ਜਾਂਦੀ ਹੈ, ਤਾਂ ਇਸ ਐਕਟ ਦੇ ਸਾਰੇ ਉਪਬੰਧ ਅਜਿਹੇ ਅਦਾਰੇ ’ਤੇ ਲਾਗੂ ਹੋਣਗੇ ਅਤੇ ਅਜਿਹੇ ਅਦਾਰੇ ਦਾ ਨਿਯੋਜਕ ਰਜਿਸਟ੍ਰੀਕਰਨ ਲਈ ਦਰਖ਼ਾਸਤ ਦੇਵੇਗਾ

ਅਤੇ ਧਾਰਾ 13 ਦੇ ਉਪਬੰਧਾਂ ਅਨੁਸਾਰ ਇੱਕ ਰਜਿਸਟ੍ਰੀਕਰਨ ਸਰਟੀਫਿਕੇਟ ਪ੍ਰਾਪਤ ਕਰੇਗਾ।"

1958 ਦੇ ਪੰਜਾਬ ਐਕਟ 15 ਦੀ ਧਾਰਾ 21 ਵਿੱਚ ਸੋਧ।

8. ਮੁੱਖ ਐਕਟ ਵਿੱਚ, ਧਾਰਾ 21 ਵਿੱਚ, ਉਪ-ਧਾਰਾ (2) ਲਈ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(2) ਜੋ ਕੋਈ ਉਪ-ਧਾਰਾ (1) ਦੇ ਉਪਬੰਧਾਂ ਦੀ ਖਿਲਾਫ਼ਵਰਜ਼ੀ ਕਰਦਾ ਹੈ ਜਾਂ ਜਾਣ ਬੁੱਝ ਕੇ ਇਸ ਐਕਟ ਅਧੀਨ ਸ਼ਕਤੀਆਂ ਦੀ ਵਰਤੋਂ ਕਰਨ ਤੋਂ ਨਿਰੀਖਣ ਅਥਾਰਟੀ ਨੂੰ ਰੋਕਦਾ ਹੈ ਜਾਂ ਕਿਸੇ ਅਦਾਰੇ ਵਿੱਚ ਕਿਸੇ ਕਰਮਚਾਰੀ ਨੂੰ ਅਥਾਰਟੀ ਦੇ ਸਾਹਮਣੇ ਪੇਸ਼ ਹੋਣ ਜਾਂ ਪਰਖ ਕੀਤੇ ਜਾਣ ਤੋਂ ਛੁਪਾਉਂਦਾ ਹੈ ਜਾਂ ਰੋਕਦਾ ਹੈ, ਦੋਸ਼-ਸਿੱਧੀ ਹੋਣ 'ਤੇ, ਜੁਰਮਾਨਾ ਅਦਾ ਕਰਨ ਲਈ ਭਾਗੀ ਹੋਵੇਗਾ ਜੋ ਪਹਿਲੇ ਅਪਰਾਧ ਲਈ ਇੱਕ ਹਜ਼ਾਰ ਰੁਪਏ ਤੋਂ ਘੱਟ ਅਤੇ ਦਸ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗਾ ਅਤੇ ਦੂਜੇ ਅਪਰਾਧ ਲਈ ਤਿੰਨ ਹਜ਼ਾਰ ਰੁਪਏ ਤੋਂ ਘੱਟ ਅਤੇ ਪੰਜਾਹ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗਾ। ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੀ ਗਈ ਸ਼ਕਤਵਾਨ ਅਥਾਰਟੀ, ਜੇ ਕੋਈ ਵੀ ਉਤਰਵਰਤੀ ਅਪਰਾਧ ਜਾਰੀ ਰਹਿੰਦਾ ਹੈ ਤਾਂ ਹਰੇਕ ਦਿਨ ਲਈ ਪੰਜ ਸੌ ਰੁਪਏ ਦੀ ਦਰ ਨਾਲ ਜੁਰਮਾਨਾ ਅਰੋਪ ਸਕਦੀ ਹੈ।

ਵਿਆਖਿਆ- ਦੂਜਾ ਅਤੇ ਉਤਰਵਰਤੀ ਅਪਰਾਧ ਦਾ ਮਤਲਬ ਹੈ ਉਸ ਤਰੀਕ, ਜਿਸ ਦਿਨ ਪਹਿਲਾਂ ਉਸੇ ਵਰਗਾ ਅਪਰਾਧ ਕੀਤਾ ਗਿਆ ਸੀ, ਤੋਂ ਤਿੰਨ ਮਹੀਨਿਆਂ ਦੀ ਮੁੱਦਤ ਤੋਂ ਬਾਅਦ ਕੀਤਾ ਗਿਆ ਅਪਰਾਧ ਅਤੇ ਪਹਿਲਾਂ ਕੀਤੇ ਗਏ ਅਪਰਾਧ ਤੋਂ ਇੱਕ ਸਾਲ ਤੋਂ ਵੱਧ ਮੁਇਆਦ ਬਾਅਦ ਕੀਤੇ ਗਏ ਅਪਰਾਧ ਨੂੰ ਪਹਿਲਾ ਅਪਰਾਧ ਵਿਚਾਰਿਆ ਜਾਵੇਗਾ।"

1958 ਦੇ ਪੰਜਾਬ ਐਕਟ 15 ਦੀ ਧਾਰਾ 26 ਦਾ ਪ੍ਰਤਿਸਥਾਪਨ।

9. ਮੁੱਖ ਐਕਟ ਵਿੱਚ, ਧਾਰਾ 26 ਲਈ, ਹੇਠ-ਲਿਖੀ ਧਾਰਾ ਰੱਖੀ ਜਾਵੇਗੀ, ਅਰਥਾਤ:-

ਡੰਨ। "26. ਇਸ ਐਕਟ ਦੇ ਹੋਰ ਉਪਬੰਧਾਂ ਦੇ ਤਾਬੇ, ਜੋ ਕੋਈ ਵੀ ਇਸ ਐਕਟ ਦੇ ਕਿਸੇ ਵੀ ਉਪਬੰਧ ਜਾਂ ਉਸ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ ਕਰਦਾ ਹੈ ਅਤੇ ਇਸ

ਐਕਟ ਵਿੱਚ ਅਜਿਹੀ ਉਲੰਘਣਾ ਲਈ ਕੋਈ ਡੰਨ ਉਪਬੰਧਤ ਨਹੀਂ ਕੀਤਾ ਗਿਆ ਹੈ, ਦੋਸ਼-ਸਿੱਧੀ ਹੋਣ ’ਤੇ, ਜੁਰਮਾਨਾ ਅਦਾ ਕਰਨ ਲਈ ਭਾਗੀ ਹੋਵੇਗਾ ਜੋ ਪਹਿਲੇ ਅਪਰਾਧ ਲਈ ਪੰਜ ਸੌ ਰੁਪਏ ਤੋਂ ਘੱਟ ਅਤੇ ਦੋ ਹਜ਼ਾਰ ਰੁਪਏ ਤੋਂ ਵੱਧ ਨਾ ਹੋਵੇ ਅਤੇ ਉਤਰਵਰਤੀ ਕਿਸੇ ਵੀ ਅਪਰਾਧ ਲਈ ਤੀਹ ਹਜ਼ਾਰ ਰੁਪਏ ਤੋਂ ਵੱਧ ਨਾ ਹੋਵੇ। ਸ਼ਕਤਵਾਨ ਅਥਾਰਟੀ ਹਰੇਕ ਦਿਨ ਲਈ ਪੰਜ ਸੌ ਰੁਪਏ ਦੀ ਦਰ ਨਾਲ ਜੁਰਮਾਨਾ ਅਰੋਪ ਸਕਦੀ ਹੈ ਜੇ ਉਤਰਵਰਤੀ ਅਪਰਾਧ ਜਾਰੀ ਰਹਿੰਦਾ ਹੈ।

ਵਿਆਖਿਆ- ਦੂਜਾ ਅਤੇ ਉਤਰਵਰਤੀ ਅਪਰਾਧ ਦਾ ਮਤਲਬ ਹੈ ਉਸ ਤਰੀਕ, ਜਿਸ ਦਿਨ ਪਹਿਲਾਂ ਉਸੇ ਵਰਗਾ ਅਪਰਾਧ ਕੀਤਾ ਗਿਆ ਸੀ, ਤੋਂ ਤਿੰਨ ਮਹੀਨਿਆਂ ਦੀ ਮੁੱਦਤ ਤੋਂ ਬਾਅਦ ਕੀਤਾ ਗਿਆ ਅਪਰਾਧ ਅਤੇ ਪਹਿਲਾਂ ਕੀਤੇ ਗਏ ਅਪਰਾਧ ਤੋਂ ਇੱਕ ਸਾਲ ਤੋਂ ਵੱਧ ਮੁਇਆਦ ਬਾਅਦ ਕੀਤੇ ਗਏ ਅਪਰਾਧ ਨੂੰ ਪਹਿਲਾ ਅਪਰਾਧ ਵਿਚਾਰਿਆ ਜਾਵੇਗਾ।”

1958 ਦੇ ਪੰਜਾਬ ਐਕਟ 15 ਵਿੱਚ ਧਾਰਾ 26-ੳ ਸ਼ਾਮਲ ਕਰਨਾ।

10. ਮੁੱਖ ਐਕਟ ਵਿੱਚ, ਧਾਰਾ 26 ਤੋਂ ਬਾਅਦ, ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

ਅਪਰਾਧ ਦਾ ਰਾਜੀਨਾਮਾ।

“26-ੳ.(1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਅਧੀਨ ਅਪਰਾਧਾਂ ਵਿੱਚ ਰਾਜ਼ੀਨਾਮਾ ਕਰਨ ਲਈ, ਅਜਿਹੀ ਰਕਮ ਲਈ ਅਤੇ ਅਜਿਹੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਕਿਸੇ ਵਿਅਕਤੀ ਨੂੰ ਸ਼ਕਤਵਾਨ ਅਥਾਰਟੀ ਵਜੋਂ ਨਿਯੁਕਤ ਕਰ ਸਕਦੀ ਹੈ:

ਪ੍ਰੰਤੂ ਸ਼ਕਤਵਾਨ ਅਥਾਰਟੀ, ਵਿਅਕਤੀ ਨੂੰ ਮਾਮਲੇ ਵਿੱਚ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ, ਅਤੇ ਜੇ, ਅਜਿਹੀ ਜਾਂਚ ’ਤੇ, ਸੰਤੁਸ਼ਟ ਹੋ ਜਾਂਦੀ ਹੈ ਕਿ ਸਬੰਧਤ ਵਿਅਕਤੀ ਨੇ ਧਾਰਾਵਾਂ 6, 20, 21 ਅਤੇ 26, ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਇਸਦੇ ਅਧੀਨ ਜਾਰੀ ਕੀਤੇ ਗਏ ਆਦੇਸ਼ ਦੀ ਉਲੰਘਣਾ ਕੀਤੀ ਹੈ ਜਾਂ ਉਨ੍ਹਾਂ

ਦੀ ਪਾਲਣਾ ਨਹੀਂ ਕੀਤੀ ਹੈ, ਤਾਂ ਅਜਿਹੀ ਸਮਝੌਤਾ ਫ਼ੀਸ ਅਰੋਪ ਸਕਦੀ ਹੈ ਜੋ ਇਹਨਾਂ ਧਾਰਾਵਾਂ ਅਧੀਨ ਉਲਿਖਤ ਵੱਧ ਤੋਂ ਵੱਧ ਜੁਰਮਾਨੇ ਤੋਂ ਵੱਧ ਨਹੀਂ ਹੋਵੇਗੀ।

(2) ਜਿੱਥੇ ਉਪ-ਧਾਰਾ (1) ਦੇ ਅਧੀਨ ਇੱਕ ਅਪਰਾਧ ਵਿੱਚ ਸਮਝੌਤਾ ਕੀਤਾ ਗਿਆ ਹੈ, ਅਜਿਹੇ ਅਪਰਾਧ ਦੇ ਬਾਰੇ ਅਪਰਾਧੀ ਵਿਰੁੱਧ ਕੋਈ ਹੋਰ ਕਾਰਵਾਈ ਨਹੀਂ ਕੀਤੀ ਜਾਵੇਗੀ।"

ਅਨੁਸੂਚੀ ਦਾ ਲੋਪ।

11. ਮੁੱਖ ਐਕਟ ਵਿੱਚ, ਇਸ ਨਾਲ ਲੱਗੀ ਅਨੁਸੂਚੀ ਲੋਪ ਕਰ ਦਿੱਤੀ ਜਾਵੇਗੀ।

## ਉਦੇਸ਼ਾਂ ਅਤੇ ਕਾਰਣਾਂ ਦਾ ਵਿਵਰਣ

Regulatory compliance ਦਾ ਬੋਝ ਘਟਾਉਣ ਲਈ, ਉਹ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਜਿਨ੍ਹਾਂ ਵਿੱਚ ਕੇਵਲ 20 ਤੱਕ ਕਰਮਚਾਰੀ ਕੰਮ ਕਰਦੇ ਹਨ, ਉਨ੍ਹਾਂ ਨੂੰ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਕਰਨ ਦਾ ਪ੍ਰਸਤਾਵ ਹੈ। ਇਸ ਦੇ ਨਾਲ ਹੀ ਕੰਪਾਉਂਡਿੰਗ ਪ੍ਰਵਧਾਨ ਵੀ ਪ੍ਰਸਤਾਵਿਤ ਹਨ ਜਿਸ ਨਾਲ ਐਕਟ ਨੂੰ Decriminalize ਕਰਨ ਹਿੱਤ ਅਤੇ Ease of Doing Business ਨੂੰ ਪ੍ਰੋਤਸਾਹਿਤ ਕਰਦੇ ਹੋਏ ਕਿਸੇ ਵੀ ਉਲੰਘਣਾ ਜਾਂ ਗੈਰ-ਪਾਲਣਾ ਦੇ ਲਈ ਵਧਦੇ ਹੋਏ ਜੁਰਮਾਨੇ/ਕੰਪੋਜਿਸ਼ਨ ਫੀਸਾਂ ਦੀ ਵਿਵਸਥਾ ਰੱਖੀ ਜਾਵੇਗੀ। ਇੱਕ ਦਿਨ ਵਿੱਚ ਕੰਮ ਕਰਨ ਦੇ ਵੱਧ ਤੋਂ ਵੱਧ ਮੰਜੂਰਸ਼ੁਦਾ ਘੰਟੇ ਅਤੇ ਮਨਜ਼ੂਰ ਓਵਰਟਾਈਮ ਦੇ ਵੱਧ ਤੋਂ ਵੱਧ ਮੰਜੂਰਸ਼ੁਦਾ ਘੰਟਿਆਂ ਨੂੰ ਵੀ ਮੌਜੂਦਾ ਸਮੇਂ ਦੀਆਂ best practices ਦੇ ਅਨੁਕੂਲ ਬਣਾਉਂਦੇ ਹੋਏ ਵਧਾਉਣ ਦੀ ਤਜਵੀਜ਼ ਹੈ। ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟ ਐਕਟ 1958 ਵਿੱਚ ਉਕਤ ਸੋਧਾਂ ਨਾਲ ਉਹ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਜਿਨ੍ਹਾਂ ਵਿੱਚ 20 ਤੱਕ ਕਰਮਚਾਰੀ ਕੰਮ ਕਰਦੇ ਹਨ, ਉਨ੍ਹਾਂ 'ਤੇ Regulatory compliance ਦਾ ਬੋਝ ਘਟੇਗਾ। ਕੰਪਾਉਂਡਿੰਗ ਪ੍ਰਾਵਧਾਨ, ਐਕਟ ਨੂੰ decriminalize ਕਰਨ ਦੇ ਨਾਲ ਨਾਲ Ease of Doing Business ਨੂੰ ਪ੍ਰੋਤਸਾਹਿਤ ਕਰਨਗੇ। ਕੰਮ ਦੇ ਘੰਟੇ ਅਤੇ ਉਵਰਟਾਇਮ ਦੇ ਘੰਟਿਆਂ ਨੂੰ ਮੌਜੂਦਾ best practices ਦੇ ਅਨੁਕੂਲਤ ਬਨਾਉਣਾ ਕੁੱਲ ਉਤਪਾਦਨਸ਼ੀਲਤਾ ਵਿੱਚ ਵਾਧਾ ਕਰੇਗਾ। ਇਸ ਲਈ ਪੰਜਾਬ ਸ਼ਾਪਸ ਅਤੇ ਕਮਰਸ਼ਿਅਲ ਐਸਟਬਲਿਸ਼ਮੈਂਟ (ਸੋਧ) ਬਿਲ 2025 ਬਣਾਇਆ ਗਿਆ ਹੈ।

ਚੰਡੀਗੜ੍ਹ
ਮਿਤੀ- 10 ਜੁਲਾਈ, 2025

(ਤਰੁਨਪ੍ਰੀਤ ਸਿੰਘ ਸੌਂਦ)
(ਕਿਰਤ ਮੰਤਰੀ, ਪੰਜਾਬ)

---

ਉਪਰੋਕਤ ਬਿਲ ਪੰਜਾਬ ਵਿਧਾਨ ਸਭਾ (ਪੰਜਾਬ ਵਿਧਾਨ ਸਭਾ) ਵਿੱਚ ਜਾਬਤਾ ਨਿਆਂ ਅਤੇ ਕਾਰਜ ਸੰਚਾਲਣ ਦੇ ਨਿਯਮ 121 ਦੇ ਪਰੰਤੁਕ ਅਧੀਨ ਪੰਜਾਬ ਸਰਕਾਰ ਦੇ ਗਜਟ (ਅਸਾਧਾਰਣ) ਤਰੀਕ 10 ਜੁਲਾਈ, 2025 ਨੂੰ ਪ੍ਰਕਾਸ਼ਿਤ ਕੀਤਾ ਗਿਆ।